## ਅਸਥੰਭੰ ਸਾਧ ਸ੍ਵਜਨਹ

ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ੍ਯ ਬੈਸ੍ਵਾਂਤਰਹ ॥

ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ ॥

ਅਨਿਕ ਸਾਧਨੰ ਨ ਸਿਧ੍ਯਤੇ ਨਾਨਕ ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਵਜਨਹ ॥੧੭॥

**ਗਿਰਿ - ਪਹਾੜ; ਪਤਿਤ - ਡਿਗਣਾ; ਦੇਦੀਪ੍ਯ - ਦਗਦਗ ਕਰਦੀ; ਬੈਸ੍ਵਾਂਤਰਹ - ਅੰਗ; ਬਹੰਤਿ - ਵਹ ਜਾਣਾ; ਤੋਯੰ - ਪਾਣੀ; ਸਿਧਤੇ - ਕਾਰਜ ਸਿਧ ਹੋਣਾ; ਅਸਥੰਭੰ - ਥੰਮ; ਸ੍ਵਜਨਹ - ਸੱਜਣ**

ਇਹ ਦੋ ਬੰਦ, ਸ੍ਰੀ ਗੁਰੂ ਅਰਜਨ ਸਾਹਿਬ ਦੇ ਸਹਸਕ੍ਰਿਤੀ ਦੇ ੧੭ਵਾਂ ਅਤੇ ੧੮ ਵਾਂ ਸਲੋਕ ਹਨ, ਜੋ ਪੰਨਾ ੧੩੫੫ ਤੇ, ਸੁਭਾਇਮਾਨ ਹਨ। ਇਨ੍ਹਾਂ ਦੋ ਸਲੋਕਾਂ ਵਿਚ, ਗੁਰਮਤਿ ਦੇ ਦੋ ਥੰਮ੍ਹ, ਸਾਧੂ ਸੰਗਤ ਅਤੇ ਨਾਮ ਸਿਮਰਨ ਦੀ ਉਸਤਤ ਗਾਈ ਹੈ।

- - ਉਚੇ ਪਹਾੜ ਤੋਂ ਡਿਗ ਕੇ ਜੇ ਮਨੁਖ, ਪਤਾਲ ਜਿੰਨਾਂ ਡੂੰਘਾ ਜਾ ਪਏ, ਭਾਵ, ਉਸ ਦਾ ਇਤਨਾ ਪਤਨ ਹੋ ਜਾਏ; ਭਾਵੇਂ ਉਹ ਦਗਦਗ ਬਲਦੀ ਅੱਗ ਵਿਚ ਸੜ ਜਾਏ

- - ਭਾਵੇਂ ਉਹ ਡੂੰਘੇ ਪਾਣੀ ਦੀਆਂ ਤਰੰਗਾਂ ਵਿਚ ਰੁੜ੍ਹ ਜਾਏ ; ਇਸ ਤੋਂ ਇਲਾਵਾ ਜੇ ਉਸ ਘਰੋਗੀ ਚਿੰਤਾ ਘੇਰ ਲਏ ਅਤੇ ਜਨਮ ਮਰਨ ਦਾ ਦੁਖ ਚੰਮੜਿਆ ਹੋਏ

- - ਇਨ੍ਹਾਂ ਸਭ ਦੁਖਾਂ ਤੋਂ ਛੁਟਕਾਰਾ ਪਾਉਣ ਲਈ, ਅਨੇਕਾਂ ਕੀਤੇ ਜਤਨ ਵੀ, ਉਸ ਦਾ ਮਨੋਰਥ ਸਿੱਧ ਨਹੀਂ ਕਰ ਸਕਦੇ। ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਮਨੁਖ ਦੇ ਅਸਲ ਸਜਣ, ਸਾਧੂ ਜਨਾਂ ਦੁਆਰਾ ਦਿਤਾ ਇਕ ਸ਼ਬਦ, ਗੁਰ ਮੰਤਰ ਉਸ ਲਈ ਥੰਮ੍ਹ ਹੈ, ਥੰਮ੍ਹ ਹੈ, ਥੰਮ੍ਹ ਹੈ।

ਕਿਉਂਕਿ, ਮਨੁਖ ਨੂੰ, ਇਕ ਵੇਰ ਦੀ ਕਹੀ ਹੋਈ ਗਲ ਸਮਝ ਨਹੀਂ ਪੈਂਦੀ, ਇਸ ਲਈ, ਮੂੜ੍ਹ ਮਨ ਨੂੰ ਦ੍ਰਿੜ੍ਹ ਕਰਵਾਉਣ ਲਈ 'ਅਸਥੰਭੰ' ਲਫ਼ਜ਼, ਤਿੰਨ ਵੇਰ ਵਰਤਿਆ ਹੈ।

ਇਹ ਸਾਰੇ, ਮਨੁਖ ਦੇ ਬੰਧਨ ਹਨ, ਜਿਨ੍ਹਾਂ ਵਿਚ, ਉਹ ਕਿਤੇ ਹੋਏ ਮਾੜੇ ਕਰਮਾਂ ਕਰਕੇ ਫ਼ਸਿਆ ਰਹਿੰਦਾ ਹੈ, ਪਰ ਸਾਧੂ ਦੀ ਸੰਗਤਿ ਪ੍ਰਾਪਤ ਹੋਣ ਨਾਲ ਇਹ ਸਾਰੇ ਬੰਧਨ ਟੁਟ ਜਾਂਦੇ ਹਨ, ਜਿਵੇਂ, ਮਹਾਰਾਜ, ਪੰਨਾ ੨੪੨ ਤੇ, ਫ਼ੁਰਮਾਣ ਕਰਦੇ

ਹਨ - 'ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ।।' ਪੰਨਾ ੨੫੫ ਤੇ ਵੀ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੀ ਸੰਗਤਿ ਵਿਚ ਸਮਾ ਜਾਣ ਨਾਲ ਜਮ ਦੇ ਦੂਤ ਵੀ ਟਲ ਜਾਂਦੇ ਹਨ ਅਤੇ, ਪਤਾ ਨਹੀਂ ਕਦੋਂ ਕਦੋਂ ਦੇ, ਭਾਵ, ਜਨਮਾਂ ਜਨਮਾਂ ਦੇ, ਕਮਾਏ ਹੋਏ ਪਾਪਾਂ ਦਾ ਵਿਨਾਸ਼ ਹੋ ਜਾਂਦਾ ਹੈ, ਇਸ ਕਰਕੇ ਸੰਤ ਤੋਂ ਵਾਰ ਵਾਰ ਕੁਰਬਾਨ ਜਾਈਏ - 'ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ।। ਬਾਰਿ ਬਾਰਿ ਜਾਉ ਸੰਤ ਸਦਕੇ।। ਨਾਨਕ ਪਾਪ ਬਿਨਾਸੇ ਕਦਿ ਕੇ।।' ਪੰਨਾ ੨੫੬ ਤੇ, ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਣ ਕਰਦੇ ਹਨ ਕਿ ਜੋ ਮਨੁਖ, ਇਸੇ ਜਨਮ ਵਿਚ, ਸਾਧ ਜਨਾਂ ਦੀ ਸ਼ਰਣੀਂ ਢਹਿ ਪੈਂਦੇ ਹਨ, ਢਹਿ ਪੈਂਦੇ ਹਨ, ਢਹਿ ਪੈਂਦੇ ਹਨ, ਭਾਵ, ਉਨ੍ਹਾਂ ਨੂੰ ਆਪਣਾ ਆਪਾ ਹੀ ਵੇਚ ਦਿੰਦੇ ਹਨ, ਪ੍ਰਭੂ, ਉਨ੍ਹਾਂ ਦੇ ਸਾਰੇ ਦੁੱਖਾਂ ਦੇ ਫਾਹੇ ਕਟ ਦਿੰਦਾ ਹੈ ਅਤੇ ਆਪਣੇ ਵਿਚ ਸਮਾਅ ਲੈਂਦਾ ਹੈ - 'ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ।। ਦੁਖ ਕੇ ਫਾਹੇ ਕਟਿਆ ਨਾਨਕ ਲੀਏ ਸਮਾਇ।।'

ਪੰਨਾ ੬੮੩ ਤੇ ਵੀ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਸਾਧੂ ਦੀ ਸੰਗਤਿ ਕਰਣ ਨਾਲ ਬਹੁਤ ਹੀ ਚਿਰ ਪਹਿਲਾਂ, ਭਾਵ, ਕਈ ਜਨਮਾਂ ਦੇ ਪੁਰਾਣੇ, ਕੀਤੇ ਪਾਪ ਮਿਟ ਜਾਂਦੇ ਹਨ ਅਤੇ ਮਿਰਤਕ ਹੋ ਚੁਕਿਆ ਪ੍ਰਾਣੀ ਵੀ ਜੀਅ ਉਠਦਾ ਹੈ, ਸਰੀਰਕ ਤੌਰ ਤੇ ਵੀ ਅਤੇ ਆਤਮਿਕ ਤੌਰ ਤੇ ਵੀ - 'ਮਿਟਹਿ ਕਮਾਣੇ ਪਾਪ ਚਿਰਾਣੇ ਸਾਧ ਸੰਗਤਿ ਮਿਲਿ ਮੁਆ ਜੀਜੈ।।' ਜੋ ਮਨੁਖ ਸਾਧੂ ਦੀ ਸਰਣੀ ਪੈ ਕੇ, ਵਾਹਗੁਰੂ ਦੇ ਗੁਣਾਂ ਦਾ ਗਾਨ ਕਰਦਾ ਹੈ, ਭਾਵ, ਸਿਮਰਣ ਕਰਦਾ ਹੈ, ਉਸ ਨੂੰ ਮਾਇਆ ਆਦਿ, ਕਿਸੇ ਤਰ੍ਹਾਂ ਦਾ ਜ਼ਹਿਰ ਨਹੀਂ ਪੋਹ ਸਕਦਾ, ਭਾਵ, ਅਸਰ ਨਹੀਂ ਕਰ ਸਕਦਾ - 'ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ।।', ਪੰਨਾ ੧੩੫.

ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥

ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥੧੮॥

**ਹਤੵੰ - ਹਤਿਆ, ਕਤਲ; ਦਾਰਿਦ੍ਰੰ - ਕੰਗਾਲੀ; ਬਿਖੵਾਦੰ - ਕਲੇਸ਼**

- - ਬਹੁਤ ਭਿਆਨਕ ਦੁਖ, ਅਨੇਕ ਤਰ੍ਹਾਂ ਦੀ ਹਤਿਆ, ਭਾਵ ਕੀਤੇ ਕਤਲਾਂ ਦੇ ਪਾਪ, ਜਮਾਂਦਰੂ ਦਲਿਦ੍ਰੀ, ਗ਼ਰੀਬੀ ਜਾਂ ਕੰਗਾਲੀ, ਅਨੇਕ ਤਰ੍ਹਾਂ ਦੇ ਜ਼ਹਿਰ ਅਤੇ ਬਹੁਤ ਵਡੇ ਭਿਆਨਕ ਦੁਖ, ਕਲੇਸ਼, ਫਸਾਦ, ਮੁਸੀਬਤਾਂ:

- - ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਇਹ ਸਭ, ਪਰਮੇਸ਼ਰ ਦਾ

ਨਾਮ ਜਪਣ ਨਾਲ, ਇੰਞ ਮਿਟ ਜਾਂਦੇ ਹਨ, ਜਿਵੇਂ, ਅੱਗ, ਲਕੜੀ ਦੇ ਢੇਰਾਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ।

ਹਤਿਆ, ਬਹੁਤ ਵਡਾ ਪਾਪ ਮੰਨਿਆ ਗਿਆ ਹੈ ਅਤੇ, ਪੰਨਾ ੪੯੩ ਤੇ, ਸ੍ਰੀ ਗੁਰੂ ਰਾਮਦਾਸ ਸਾਹਿਬ ਅਨੁਸਾਰ, ਹਤਿਆਰਿਆਂ ਨੂੰ, ਕੁੱਤੇ, ਸੂਅਰ, ਗਧੇ ਆਦਿ ਜੂਨਾਂ ਵਿਚ ਪੈਣਾ ਪੈਂਦਾ ਹੈ, ਉਨ੍ਹਾਂ ਕਾਤਲਾਂ ਨੂੰ, ਸੁਆਮੀ ਨਸ਼ਟ ਕਰ ਦਿੰਦਾ ਹੈ, ਪਰ ਅਜਿਹੇ ਪਾਪੀ ਵੀ ਜੇ ਹਰੀ ਦੀ ਸ਼ਰਣ, ਭਾਵ, ਸਾਧੂ ਸਰਣੀ ਪੈ ਕੇ, ਨਾਮ ਜਪ ਲੈਂਦੇ ਹਨ ਤਾਂ ਜੇ ਹਰੀ ਨੂੰ ਭਾਅ ਜਾਏ ਤਾਂ ਹਰੀ, ਉਨ੍ਹਾਂ ਦਾ ਵੀ ਨਿਸਤਾਰਾ ਕਰ ਦਿੰਦਾ ਹੈ - 'ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਯਿ ਮਾਰੇ ਮਹਾ ਹਤਿਆਰੇ।।..ਨਾਨਕ ਜਨ ਹਰਿ ਕੀ ਸਰਣਾਈ ਹਰਿ ਭਾਵੈ ਹਰਿ ਨਿਸਤਾਰੇ।।', ਜਿਵੇਂ, ਸਧਨਾ ਕਸਾਈ ਦਾ ਭਗਤ ਬਣ ਕੇ ਪਾਰ ਉਤਾਰਾ ਹੋ ਗਿਆ। ਪਰ ਸਧਨਾ ਕਸਾਈ ਦੇ ਹੋਏ ਉਧਾਰ ਦਾ ਇਹ ਅਰਥ ਬਿਲਕੁਲ ਨਹੀਂ ਕਿ ਜੀਵਾਂ ਨੂੰ ਮਾਰ ਕੇ ਖਾ ਲੈਣਾ ਕੋਈ ਚੰਗਾ ਕੰਮ ਹੈ, ਜਿਵੇਂ ਕਿ ਭਾਈ ਗੁਰਦਾਸ ਜੀ ਫ਼ੁਰਮਾਣ ਕਰਦੇ ਹਨ - 'ਜੇ ਕਾਸਾਈ ਉਧਰਿਆ ਜੀਆ ਘਾਇ ਨ ਖਾਈਐ ਭੰਗਾ।।' ਵਾਰ ੩੧:੯. ਇਥੇ ਅਜ ਇਕ ਗਲ ਹੋਰ ਨੋਟ ਕਰਨ ਵਾਲੀ ਹੈ ਕਿ ਹਤਿਆ ਦਾ ਢੰਗ ਬਦਲ ਲੈਣ ਨਾਲ, ਪਾਪ ਘਟ ਨਹੀਂ ਜਾਂਦਾ।

ਪਾਤਸ਼ਾਹ ਦਾ, ਸਿਰੀ ਰਾਗ ਵਿਚ, ਪੰਨਾ ੭੦ ਤੇ, ਉਚਾਰਣ ਕੀਤਾ ਸ਼ਬਦ, ਇਸ ੧੯ਵੇਂ ਸਲੋਕ ਦੀ ਬਖ਼ੂਬੀ ਵਿਆਖਿਆ ਕਰਦਾ ਹੈ। ਆਪ ਫ਼ੁਰਮਾਣ ਕਰਦੇ ਹਨ ਕਿ ਜਿਸ ਨੂੰ ਅੱਤ ਦਰਜੇ ਦੀ ਮੁਸ਼ਕਿਲ ਬਣ ਆਵੇ, ਕੋਈ ਆਸਰਾ ਬਾਕੀ ਨਾ ਰਹਿ ਜਾਏ, ਦੁਸ਼ਮਣ ਹਾਵੀ ਹੋ ਜਾਣ, ਸਾਰੇ ਰਿਸ਼ਤੇ ਨਾਤੇ ਸਾਥ ਛੱਡ ਦੇਣ, ਕੋਈ ਸਹਾਰਾ ਨਾ ਦਿਸੇ ਤਾਂ, ਜੇ ਉਹ ਵਾਹਗੁਰੂ ਚਿੱਤ ਆ ਜਾਏ, ਭਾਵ, ਉਸ ਦਾ ਸਿਮਰਨ, ਹਿਰਦੇ ਵਿਚ ਵਸ ਜਾਏ ਤਾਂ ਮਨੁਖ ਨੂੰ ਤੱਤੀ ਵਾਅ ਨਹੀਂ ਲਗ ਸਕਦੀ, ਭਾਵ, ਕੋਈ ਵੀ, ਉਸ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ - 'ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ।। ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ।। ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ।। ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।।...' ਸੁਖਮਨੀ ਸਾਹਿਬ ਦੀ ਦੂਜੀ ਅਸਟਪਦੀ ਵਿਚ ਵੀ ਇਹ ਸਚਿਆਈ, ਬਖ਼ੂਬੀ ਬਿਆਨ ਕੀਤੀ ਗਈ ਹੈ। ਸਤਿਗੁਰੂ ਫ਼ੁਰਮਾਣ ਕਰਦੇ ਹਨ ਕਿ ਜਿਥੇ ਸਭ, ਮਾਤਾ ਪਿਤਾ, ਪੁੱਤਰ, ਮਿਤਰ ਨਾਲ ਨਹੀਂ ਰਹਿੰਦੇ, ਜਿਥੇ ਡਰਾਉਣਾ ਜਮ ਤੈਨੂੰ ਦਲ ਸੁਟੇਗਾ, ਜਿਥੇ ਭਾਰੀ ਮੁਸ਼ਕਲ ਬਣੇਗੀ, ਉਥੇ, ਸਿਰਫ਼, ਪ੍ਰਭੂ ਦਾ ਜਪਿਆ ਹੋਇਆ ਨਾਮ ਹੀ ਕੰਮ ਆਏਗਾ ਅਤੇ ਇਕ

ਖਿੰਨ ਵਿਚ ਤੇਰਾ ਉਧਾਰ ਕਰ ਦਏਗਾ - 'ਜਹ ਮਾਤ ਪਿਤਾ ਸੁਤ ਮੀਤ ਨ ਭਾਈ।। ਮਨ ਊਹਾ ਨਾਮੁ ਤੇਰੈ ਸੰਗਿ ਸਹਾਈ।। ਜਹ ਮਹਾ ਭਇਆਨ ਦੂਤ ਜਮ ਦਲੈ।। ਜਹ ਮੁਸਕਲ ਹੋਵੈ ਅਤਿ ਭਾਰੀ।। ਹਰਿ ਕੋ ਨਾਮੁ ਖਿਨ ਮਾਹਿ ਉਧਾਰੀ।।'

ਉਪਰ ਦਿਤੇ, ਸਹਸਕ੍ਰਿਤੀ ਦੇ ਦੋਹਾਂ ਸਲੋਕਾਂ ਵਿਚ, ਸਾਧੂ ਸੰਗਤਿ ਅਤੇ ਪ੍ਰਭੂ ਦੇ ਸਿਮਰਣ ਨੂੰ ਹੀ ਮਨੁਖ ਦੇ ਛੁਟਕਾਰੇ ਦਾ ਸਾਧਨ ਮੰਨਿਆ ਹੈ ਅਤੇ ਇਹ ਦੋਵੇਂ ਨਾਲ ਨਾਲ ਚਲਦੇ ਹਨ। ਸਾਧੂ ਦੀ ਸੰਗਤਿ ਤੋਂ ਬਿਨਾਂ ਸਿਮਰਣ ਸੰਭਵ ਨਹੀਂ ਅਤੇ ਸਿਮਰਣ ਤੋਂ ਬਿਨਾਂ ਸਾਧੂ ਦੀ ਸੰਗਤਿ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਭੇਦ ਬਾਰੇ ਗੁਰਬਾਣੀ ਨੇ ਅਨੇਕਾਂ ਸੰਕੇਤ ਦਿਤੇ ਹਨ।

ਤ ਜੁਲਾਈ, ੨੦੨੦